# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

# ਬੋਰਡ ਦੇ ਚੇਅਰਮੈਨ ਸ੍ਰੀ ਮਨੋਹਰ ਕਾਂਤ ਕਲੋਹੀਆ ਵੱਲੋਂ ਪਹਿਲੇ ਦਿਨ ਹੀ ਪਰੀਖਿਆ ਕੇਂਦਰਾਂ ਦਾ ਨਿਰੀਖਣ

ਐੱਸ.ਏ.ਐੱਸ. ਨਗਰ 28 ਫਰਵਰੀ ( ) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਵੇਂ ਚੇਅਰਮੈਨ ਮਨੋਹਰ ਕਾਂਤ ਕਲੋਹੀਆ ਜੀ ਨੇ ਅਹੁਦਾ ਸੰਭਾਲਦਿਆਂ ਅੱਜ ਹੀ ਸ਼ੁਰੂ ਹੋਈਆਂ ਬਾਰ੍ਹਵੀਂ ਦੀਆਂ ਪਰੀਖਿਆਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਉਹਨਾਂ ਚੁੱਪ-ਚਪੀਤੇ ਕੁਝ ਪਰੀਖਿਆ ਕੇਂਦਰਾਂ ਦਾ ਨਿਰੀਖਣ ਕੀਤਾ।

ਬੋਰਡ ਦੇ ਬੁਲਾਰੇ ਨੇ ਪ੍ਰੈੱਸ ਨੂੰ ਭੇਜੀ ਜਾਣਕਾਰੀ ਵਿੱਚ ਦੱਸਿਆ ਕਿ ਬੋਰਡ ਦੇ ਚੇਅਰਮੈਨ ਵੱਲੋਂ ਐੱਸ.ਏ.ਐੱਸ. ਨਗਰ (ਮੁਹਾਲੀ) ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ਼ ਫੇਜ਼ 3 ਬੀ-1 ਦਾ ਨਿਰੀਖਣ ਕੀਤਾ ਜਿੱਥੇ ਅਮਨ-ਅਮਾਨ ਨਾਲ ਚੱਲ ਰਹੇ ਪਰੀਖਿਆ ਕੇਂਦਰ-1 ਵਿੱਚ ਕੁੱਲ 175 ਬੱਚਿਆਂ 'ਚ 13 ਬੱਚੇ ਵਿਸ਼ੇਸ਼ ਜਰੂਰਤਾਂ ਵਾਲੇ ਸਨ। 4 ਬੱਚੇ ਗ਼ੈਰਹਾਜ਼ਰ ਸਨ। ਇਸੇ ਸਕੂਲ ਦੇ ਪਰੀਖਿਆ ਕੇਂਦਰ-2 ਵਿੱਚ 303 ਸਾਰੇ ਬੱਚੇ ਹਾਜ਼ਰ ਸਨ। ਇਸੇ ਤਰ੍ਹਾਂ ਸੰਤ ਈਸ਼ਰ ਸਿੰਘ ਸੀਨੀਅਰ ਸੈਕੰਡਰੀ ਸਕੂਲ ਸੈਕਟਰ 70 ਵਿੱਚ 78 ਬੱਚਿਆਂ ਵਿੱਚੋਂ 2 ਵਿਸ਼ੇਸ਼ ਜਰੂਰਤਾਂ ਵਾਲੇ ਬੱਚੇ ਪਰੀਖਿਆ ਦੇ ਰਹੇ ਸਨ ਅਤੇ 8 ਬੱਚੇ ਗ਼ੈਰਹਾਜ਼ਰ ਸਨ। ਸਰਕਾਰੀ ਸੀਨੀਅਰ ਸੈਕੰਡਰੀ ਰੈਜ਼ੀਡੈਂਸ਼ੀਅਲ ਫਾਰ ਮੈਰੀਟੋਰੀਅਸ ਸਟੂਡੈਂਟਸ ਸਕੂਲ ਸੈਕਟਰ 70 ਵਿੱਚ 346 ਬੱਚਿਆਂ ਵਿੱਚੋਂ 5 ਬੱਚੇ ਗ਼ੈਰਹਾਜ਼ਰ ਸਨ।

ਬੋਰਡ ਦੇ ਬੁਲਾਰੇ ਨੇ ਦੱਸਿਆ ਕਿ ਬੋਰਡ ਦੇ ਚੇਅਰਮੈਨ ਸ੍ਰੀ ਮਨੋਹਰ ਕਾਂਤ ਕਲੋਹੀਆ ਜੀ ਨੇ ਉਪਰੋਕਤ ਪਰੀਖਿਆ ਕੇਂਦਰਾਂ ਦਾ ਮੁਆਇਨਾ ਕਰਨ ਬਾਅਦ ਹੋ ਰਹੀਆਂ ਪਰੀਖਿਆਵਾਂ 'ਤੇ ਤਸੱਲੀ ਪ੍ਰਗਟ ਕੀਤੀ।

ਕੈਪਸ਼ਨ: ਸਰਕਾਰੀ ਸੀਨੀਅਰ ਸੈਕੰਡਰੀ ਰੈਜ਼ੀਡੈਂਸ਼ੀਅਲ ਫਾਰ ਮੈਰੀਟੋਰੀਅਸ ਸਟੂਡੈਂਟਸ ਸਕੂਲ ਸੈਕਟਰ 70 ਮੁਹਾਲੀ ਦੇ ਪਰੀਖਿਆ ਕੇਂਦਰ ਦਾ ਬੋਰਡ ਦੇ ਨਵ-ਨਿਯੁਕਤ ਚੇਅਰਮੈਨ ਸ੍ਰੀ ਮਨੋਹਰ ਕਾਂਤ ਕਲੋਹੀਆ ਨਿਰੀਖਣ ਕਰਦੇ ਹੋਏ

ਮਿਤੀ:-28-02-2018

ਕੋਮਲ ਸਿੰਘ
ਲੋਕ ਸੰਪਰਕ ਦਫ਼ਤਰ
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner